ਵੱਲੋਂ

ਸਕੱਤਰ, ਬੀ.ਓ.ਸੀ. ਬੋਰਡ,
ਕਮ ਕਿਰਤ ਕਮਿਸ਼ਨਰ, ਪੰਜਾਬ,
ਚੰਡੀਗੜ੍ਹ।

ਵੱਲ

ਰਾਜ ਦੇ ਸਾਰੇ
ਸਹਾਇਕ ਕਿਰਤ ਕਮਿਸ਼ਨਰ/ਕਿਰਤ ਤੇ ਸੁਲਾਹ ਅਫਸਰ
ਨੰ. 301-323
ਮਿਤੀ: 16/9/15

ਵਿਸ਼ਾ- ਉਸਾਰੀ ਅਧੀਨ ਅਤੇ ਮੁਕੰਮਲ ਹੋ ਚੁੱਕੀਆਂ ਇਮਾਰਤਾਂ, ਸੁਸਾਇਟੀਆਂ ਆਦਿ ਨੂੰ **"Tobacco Smoke Free Homes"** ਐਲਾਨਣ ਸਬੰਧੀ।

ਉਪਰੋਕਤ ਵਿਸ਼ੇ ਦੇ ਸੰਬੰਧ ਵਿੱਚ ਆਪ ਨੂੰ ਲਿਖਿਆ ਜਾਂਦਾ ਹੈ ਕਿ ਸਮੂਹ ਬਿਲਡਰਾਂ ਨੂੰ ਹਦਾਇਤ ਕੀਤੀ ਜਾਵੇ ਕਿ ਪੰਜਾਬ ਸਰਕਾਰ ਵੱਲੋਂ 'ਸਿਗਰਟ ਐਂਡ ਅਦਰ ਤੰਬਾਕੂ ਪ੍ਰੋਡਕਟਸ ਐਕਟ-2003' 'ਕੋਟਪਾ' ਨੂੰ ਸੂਬੇ ਵਿੱਚ ਸਖਤੀ ਨਾਲ ਲਾਗੂ ਕੀਤਾ ਜਾ ਰਿਹਾ ਹੈ। ਉਸੇ ਦੀ ਲਗਾਤਾਰਤਾ ਵਿੱਚ ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਲੋਕਾਂ ਨੂੰ 'ਪੈਸਿਵ ਸਮੋਕਿੰਗ' ਤੋਂ ਬਚਾਉਣ ਲਈ ਕਾਨੂੰਨ ਮੁਤਾਬਕ ਹੇਠ ਲਿਖੇ ਕਦਮ ਚੁੱਕਣੇ ਅਤੀ ਜ਼ਰੂਰੀ ਹਨ। ਆਦੇਸ਼ਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ।

1. ਬਿਲਡਿੰਗ ਦੀ ਉਸਾਰੀ ਅਧੀਨ ਅਤੇ ਉਸਾਰੀ ਹੋਣ ਤੋਂ ਬਾਅਦ 'ਕੋਟਪਾ' ਮੁਤਾਬਕ ਦੱਸੇ ਨਿਯਮਾਂ ਅਧੀਨ ਬਿਲਡਿੰਗ ਦੇ ਘੇਰੇ ਵਿੱਚ 'ਤੰਬਾਕੂਨੋਸ਼ੀ ਰਹਿਤ ਖੇਤਰ-ਇੱਥੇ ਤੰਬਾਕੂਨੋਸ਼ੀ ਕਰਨਾ ਅਪਰਾਧ ਹੈ' ਅਤੇ ਅੰਗਰੇਜ਼ੀ ਵਿੱਚ 'No Smoking Area-Smoking Here is an Offence' ਪੱਕੇ ਤੌਰ 'ਤੇ ਲਿਖਵਾਇਆ ਜਾਵੇ। (ਕਾਨੂੰਨ ਮੁਤਾਬਕ ਬੋਰਡ ਦੇ ਨਮੂਨੇ ਦੀ ਕਾਪੀ ਨੱਥੀ)
2. ਜਿੱਥੇ ਸਮੂਹਿਕ ਘਰਾਂ ਦੀ ਉਸਾਰੀ ਹੁੰਦੀ ਹੈ ਭਾਵ ਜਿਵੇਂ ਫਲੈਟ ਆਦਿ ਬਣਾਏ ਜਾਂਦੇ ਹਨ, ਉਸ ਇਨਕਲੇਵ/ਸੁਸਾਇਟੀ ਦੇ ਘੇਰੇ ਵਿੱਚ ਆਉਂਦੀਆਂ ਸਾਰੀਆਂ ਜਨਤਕ ਥਾਵਾਂ (ਪਾਰਕ, ਮੈਰਿਜ ਪੈਲੇਸ-ਕਲੱਬ, ਸਵੀਮਿੰਗ ਪੂਲ ਆਦਿ) ਵਿੱਚ ਬੀੜੀ-ਸਿਗਰਟ ਪੀਣਾ ਪੂਰੀ ਤਰਾਂ ਵਰਜਿਤ ਹੋਵੇ ਅਤੇ ਉੱਥੇ -'ਨੋ ਸਮੋਕਿੰਗ' ਦੇ ਚੇਤਾਵਨੀ ਬੋਰਡ ਲਗਾਏ ਜਾਣ।
3. ਨਵੀਂ ਪੀੜ੍ਹੀ ਨੂੰ ਤੰਬਾਕੂ ਤੋਂ ਬਚਾਉਣ ਲਈ ਸੁਸਾਇਟੀ-ਫਲੈਟਾਂ ਦੇ ਬਾਹਰੀ ਘੇਰੇ ਦੀ ਹੱਦ ਅੰਦਰ ਤੰਬਾਕੂ ਦੇ ਮਾਰੂ ਪ੍ਰਭਾਵਾਂ ਬਾਰੇ ਸਾਈਨ ਬੋਰਡ ਜਾਂ ਜਾਗਰੂਕਤਾ ਬੋਰਡ ਲਗਾਏ ਜਾਣ।
4. ਨਵੀਆਂ ਸੁਸਾਇਟੀਆਂ/ਟਾਊਨਸ਼ਿਪ ਵਿੱਚ ਉਸਾਰੇ ਜਾਣ ਵਾਲੇ ਸਕੂਲਾਂ ਵਿੱਚ 'ਕੋਟਪਾ' ਤਹਿਤ ਸੈਕਸ਼ਨ-6 (ਬੀ) ਦਾ ਬੋਰਡ ਲੱਗਿਆ ਹੋਣਾ ਅਤੀ ਜ਼ਰੂਰੀ ਹੈ। (ਸੈਂਪਲ ਨੱਥੀ)
5. ਬਿਲਡਿੰਗ ਦੀ ਉਸਾਰੀ ਅਧੀਨ ਅਤੇ ਉਸਾਰੀ ਹੋਣ ਤੋਂ ਬਾਅਦ 'ਕੋਟਪਾ' ਮੁਤਾਬਕ ਦੱਸੇ ਨਿਯਮਾਂ ਨੂੰ ਲਾਗੂ ਕਰਵਾਉਣ ਲਈ ਬਿਲਡਿੰਗ ਮਾਲਕ/ਠੇਕੇਦਾਰ ਖੁਦ ਜਾਂ ਉਸ ਵੱਲੋਂ ਅਧਿਕਾਰਿਤ ਕੀਤਾ ਨੁਮਾਇੰਦਾ (ਜੋ ਬਤੌਰ ਨੋਡਲ ਅਫਸਰ) ਜਿੰਮੇਵਾਰ ਹੋਵੇਗਾ।
6. ਬਿਲਡਿੰਗਾਂ, ਇਮਾਰਤਾਂ ਜਾਂ ਫਲੈਟਾਂ ਦੀ ਉਸਾਰੀ ਤੋਂ ਪਹਿਲਾਂ ਵਿਭਾਗ ਨੂੰ ਇਹ ਲਿਖਤੀ ਤੌਰ 'ਤੇ ਸੂਚਿਤ ਕੀਤਾ ਜਾਵੇ ਕਿ ਉਸਰਨ ਜਾ ਰਹੀਆਂ ਇਮਾਰਤਾਂ 'ਤੰਬਾਕੂ ਧੂੰਆਂ ਮੁਕਤ' ਹੋਣਗੀਆਂ।
7. ਉਪਰੋਕਤ ਲਿਖੇ ਆਦੇਸ਼ਾਂ ਦੀ ਪਾਲਣਾ ਕਰਨ ਤੋਂ ਬਾਅਦ ਬਿਲਡਿੰਗਾਂ/ਘਰਾਂ ਨੂੰ 'ਤੰਬਾਕੂ ਸਮੋਕ ਫਰੀ ਹੋਮਸ' ਐਲਾਨਿਆ ਜਾਵੇ। ਇਸ ਨਾਲ ਲੋਕਾਂ ਦੀ ਸਿਹਤ ਦੀ ਤੰਦਰੁਸਤੀ ਵਿੱਚ ਵਾਧਾ ਹੋਵੇਗਾ। ਜੇ ਹੋ ਸਕੇ ਤਾਂ ਦਿੱਤੇ ਜਾਣ ਵਾਲੇ ਇਸ਼ਤਿਹਾਰਾਂ ਵਿੱਚ ਵੀ ਤੰਬਾਕੂ ਸਮੋਕ ਫਰੀ ਹੋਮਸ ਕੰਸੈਪਟ ਨੂੰ ਛਪਵਾਇਆ ਜਾਵੇ। ਇਸ ਨਾਲ ਤੰਬਾਕੂ ਦੇ ਬੁਰੇ ਪ੍ਰਭਾਵਾਂ ਬਾਰੇ ਲੋਕਾਂ ਦੀ ਚੇਤਨਾ ਵਿੱਚ ਵਾਧਾ ਹੋਵੇਗਾ।

ਪੱਤਰ ਵਿੱਚ ਦਰਸਾਏ ਅਨੁਸਾਰ ਉਕਤ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਵਾਈ ਜਾਵੇ।
ਨੱਥੀ: ਉਪਰੋਕਤ ਅਨੁਸਾਰ

ਸਕੱਤਰ, ਬੀ.ਓ.ਸੀ. ਬੋਰਡ, 16.09.15.
ਕਮ ਕਿਰਤ ਕਮਿਸ਼ਨਰ, ਪੰਜਾਬ,
ਚੰਡੀਗੜ੍ਹ।

ਪਿ.ਅੰ.ਨੰ. 324-390 ਮਿਤੀ 16/9/15

ਇਸ ਦੀ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਜਰੂਰੀ ਕਾਰਵਾਈ ਲਈ ਭੇਜਿਆ ਜਾਂਦਾ ਹੈ:-

1. ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਕਿਰਤ ਵਿਭਾਗ, ਚੰਡੀਗੜ੍ਹ।

2. ਪ੍ਰਮੁੱਖ ਸਕੱਤਰ, ਸਥਾਨਕ ਸਰਕਾਰ ਵਿਭਾਗ ਪੰਜਾਬ, ਚੰਡੀਗੜ੍ਹ।
3. ਪ੍ਰਮੁੱਖ ਸਕੱਤਰ, ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਵਿਭਾਗ ਪੰਜਾਬ, ਚੰਡੀਗੜ੍ਹ।
4. ਪ੍ਰਮੁੱਖ ਸਕੱਤਰ, ਸਿੰਚਾਈ ਵਿਭਾਗ ਪੰਜਾਬ, ਚੰਡੀਗੜ੍ਹ।
5. ਪ੍ਰਮੁੱਖ ਸਕੱਤਰ, ਲੋਕ ਨਿਰਮਾਣ ਵਿਭਾਗ (ਭਵਨ ਅਤੇ ਮਾਰਗ ਸ਼ਾਖਾ) ਪੰਜਾਬ, ਚੰਡੀਗੜ੍ਹ।
6. ਪ੍ਰਮੁੱਖ ਸਕੱਤਰ, ਸੈਨੀਟੇਸ਼ਨ ਅਤੇ ਜਲ ਸਪਲਾਈ ਵਿਭਾਗ ਪੰਜਾਬ, ਚੰਡੀਗੜ੍ਹ।
7. ਪ੍ਰਮੁੱਖ ਸਕੱਤਰ, ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਪੰਜਾਬ, ਚੰਡੀਗੜ੍ਹ।
8. ਕਿਰਤ ਕਮਿਸ਼ਨਰ ਪੰਜਾਬ, ਚੰਡੀਗੜ੍ਹ।
9. ਡਾਇਰੈਕਟਰ ਆਫ ਫੈਕਟਰੀਜ਼ ਪੰਜਾਬ, ਚੰਡੀਗੜ੍ਹ।
10. ਡਾਇਰੈਕਟਰ ਸਥਾਨਕ ਸਰਕਾਰ ਵਿਭਾਗ ਪੰਜਾਬ, ਚੰਡੀਗੜ੍ਹ।
11. ਡਾਇਰੈਕਟਰ ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਵਿਭਾਗ ਪੰਜਾਬ, ਚੰਡੀਗੜ੍ਹ।
12. ਰਾਜ ਦੇ ਸਾਰੇ ਡਿਪਟੀ ਡਾਇਰੈਕਟਰ ਆਫ ਫੈਕਟਰੀਜ਼ ਅਤੇ ਸਹਾਇਕ ਡਾਇਰੈਕਟਰ ਆਫ ਫੈਕਟਰੀਜ਼।
13. ਰਾਜ ਦੇ ਸਾਰੇ ਕਿਰਤ ਇੰਸਪੈਕਟ ਗ੍ਰੇਡ-1 ਅਤੇ ਗ੍ਰੇਡ-2
14. ਪ੍ਰਧਾਨ, ਜਨਰੇਸ਼ਨ ਸੇਵੀਅਰ ਐਸੋਸੀਏਸ਼ਨ, #338, ਫੇਜ਼-11, ਐਸ.ਏ.ਐਸ. ਨਗਰ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਸਕੱਤਰ, ਬੀ.ਓ.ਸੀ. ਬੋਰਡ,
ਕਮ ਕਿਰਤ ਕਮਿਸ਼ਨਰ, ਪੰਜਾਬ,
ਚੰਡੀਗੜ੍ਹ।